## ਸ਼ੇਖ ਫ਼ਰੀਦ - ਸਬਦ ੩੬
## ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
## ਸਲੋਕ, ਸੇਖ ਫਰੀਦ, ਗੁਰੂ ਗ੍ਰੰਥ ਸਾਹਿਬ, ੧੩੭੯

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥੩੨॥

**ਸਾਰ:** ਅਨੰਤ, ਸਰਬਵਿਆਪੀ ਅਤੇ ਅਗਿਆਤ ਊਰਜਾ, ਬੇਅੰਤ ਵਿਸ਼ਾਲ ਅਸਮਾਨ, ਅਥਾਹ ਡੂੰਘੇ ਸਮੁੰਦਰਾਂ ਅਤੇ ਅਗਾਹ ਵਿਸ਼ਾਲ ਧਰਤੀ ਦੇ ਸਮਾਨ ਹੈ, ਇਹ ਸਾਰੇ ਚੁੱਪਚਾਪ, ਬੇਗਰਜ਼ ਆਪਣੀ ਹਾਜ਼ਰਤਾ ਸਾਡੇ ਨਾਲ ਸਾਂਝੀ ਕਰਦੇ ਹਨ। ਇਸੇ ਤਰ੍ਹਾਂ, ਇਹ ਸਤਾ ਆਪਣਾ ਆਪ, ਸ਼ਬਦਾਂ ਰਾਹੀਂ ਨਹੀਂ ਸਗੋਂ ਕੁਦਰਤ ਨਾਲ ਸਾਡੇ ਸੰਬੰਧ ਸਿਰਜ ਪ੍ਰਗਟ ਕਰਦੀ ਹੈ। ਸਾਡਾ ਸੀਮਤ ਦ੍ਰਿਸ਼ਟੀਕੋਣ ਅਕਸਰ ਸਾਨੂੰ ਇਸਦੀ ਹਾਜ਼ਰਤਾ ਨੂੰ ਪਛਾਣਨ ਤੋਂ ਰੋਕਦਾ ਹੈ, ਜੋ ਸਾਡੇ ਤੋਂ ਵੱਖ ਨਹੀਂ ਹੈ ਪਰ ਸਾਡੇ ਅਸਤਿਤਵ ਦਾ ਮੂਲ ਹਿੱਸਾ ਹੈ। ਸਪੱਸ਼ਟਤਾ ਉਦੋਂ ਪੈਦਾ ਹੁੰਦੀ ਹੈ ਜਦੋਂ ਅਸੀਂ ਮੋਹ ਤੋਂ ਮੁਕਤ ਹੋ ਜਾਂਦੇ ਹਾਂ ਅਤੇ ਖੁੱਲ੍ਹੀ ਭਰੋਸੇਮੰਦ ਮਨੋਬਿਰਤੀ ਨੂੰ ਕਲਾਵੇ ਵਿਚ ਲੈਂਦੇ ਹਾਂ, ਜਿਸ ਨਾਲ ਜੀਵਨ ਕੁਦਰਤੀ ਤੌਰ 'ਤੇ ਵਹਿਣ ਯੋਗ ਹੋ ਸਕਦਾ ਹੈ। ਇਸ ਸ਼ਕਤੀ ਨਾਲ ਸੱਚਾ ਬੰਧਨ ਸਿਰਜਣ ਲਈ, ਸਾਨੂੰ ਖੁੱਲ੍ਹ-ਦਿਲੀ, ਸਥਿਰਤਾ ਅਤੇ ਸਵੀਕ੍ਰਿਤੀ ਦੇ ਗੁਣਾਂ ਨੂੰ ਅਪਣਾਉਣਾ ਚਾਹੀਦਾ ਹੈ।

ਸਾਹੁਰੈ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ ॥
ਭਾਵੇਂ ਨਵ-ਵਿਆਹੀ ਸਹੁਰੇ ਘਰ ਵਿਚ ਹੋਵੇ ਜਾਂ ਪੇਕੇ ਘਰ ਵਿਚ ਹੋਵੇ, ਉਸਦਾ ਪਿਆਰਾ ਸਦ-ਹਾਜ਼ਰ ਰਹਿੰਦਾ ਹੈ, ਫਿਰ ਵੀ ਕਿਧਰੇ ਕਿਸੇ ਕਾਰਨ ਕਰਕੇ ਪਿਆਰਾ ਪਹੁੰਚ ਤੋਂ ਬਾਹਰ ਰਹਿੰਦਾ ਹੈ। ਪਿਆਰਾ ਉਸ ਸਦੀਵੀ ਸਾਰ ਦਾ ਪ੍ਰਤੀਕ ਹੈ ਜੋ ਜੀਵਨ ਦੇ ਸਾਰੇ ਪਹਿਲੂਆਂ ਵਿਚ ਵਿਆਪਕ ਹੈ, ਫਿਰ ਵੀ ਇਹ ਅਪਹੁੰਚ ਅਤੇ ਅਪ੍ਰਾਪਤ ਹੈ।

ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ ॥੩੨॥

ਨਾਨਕ ਕਹਿੰਦੇ ਹਨ ਕਿ ਕੇਵਲ ਉਹੀ ਜੀਵਨ ਸਾਥੀ ਭਾਗਵਾਲਾਂ ਹੈ ਜੋ ਬੇਗਰਜ਼ ਰਹਿਣ ਲਈ ਰਾਜ਼ੀ ਹੈ, ਇਹ ਉਨ੍ਹਾਂ ਦਾ ਪ੍ਰਤੀਬਿੰਬ ਹੈ ਜੋ ਕੁਦਰਤ ਦੀ ਰਜ਼ਾ ਵਿਚ ਰਾਜ਼ੀ ਹਨ ਅਤੇ ਨਤੀਜਿਆਂ ਤੋਂ ਪ੍ਰਭਾਵਿਤ ਨਹੀਂ ਹੁੰਦੇ, ਉਹ ਸੱਚਮੁੱਚ ਧੰਨ ਹਨ। (੩੨)

**ਤੱਤ:** ਸੇਖ ਫਰੀਦ ਦਾ ਇਹ ਸਲੋਕ, ਜਿਸ ਦੇ ਅੰਤ ਵਿਚ ਗੁਰੂ ਨਾਨਕ ਨੇ ਆਪਣੇ ਬੋਲ ਦਰਜ਼ ਕੀਤੇ ਹਨ, ਉਸ ਮੁਕਤੀਦਾਇਕ ਸਚ ਵੱਲ ਇਸ਼ਾਰਾ ਕਰਦਾ ਹੈ ਕਿ ਉਹ ਲੋਕ ਜੋ ਬੇਗਰਜ਼ ਰਹਿੰਦੇ ਹਨ, ਆਸ ਨਹੀਂ ਰੱਖਦੇ, ਆਪਣੇ ਆਪ ਨੂੰ ਕੁਦਰਤ ਦੇ ਹੁਕਮ ਨਾਲ ਇਕਸੁਰ ਕਰਦੇ ਹਨ, ਉਹ ਸੱਚਮੁੱਚ ਧੰਨ ਹਨ। ਅਸਲ ਸਿੱਖਿਆ ਆਪਣੇ ਦ੍ਰਿਸ਼ਟੀਕੋਣ ਵਿਚ ਇਕ ਨਿਰਣਾਇਕ ਬਦਲਾਵ ਲਿਆਉਣ ਬਾਰੇ ਹੈ, ਇਹ ਸਮਝਦੇ ਹੋਏ ਕਿ ਸਰਵ ਵਿਆਪਕ ਊਰਜਾ ਨਾਲ ਸਭ ਤੋਂ ਗੂੜ੍ਹ ਸੰਬੰਧ ਕੁਦਰਤ ਦੇ ਹੁਕਮ 'ਤੇ ਸਵਾਲ ਉਠਾਉਣ ਨਾਲ ਨਹੀਂ, ਸਗੋਂ ਇਸਦੇ ਪ੍ਰਵਾਹ ਨਾਲ ਵਗਦੇ ਵਹਿਣ ਤੋਂ ਸਿੱਖਿਆ ਗ੍ਰਹਿਣ ਕਰ ਪ੍ਰਾਪਤ ਹੁੰਦਾ ਹੈ। ਇਹ ਰਸਤਾ ਜ਼ੋਰ ਜਾਂ ਜ਼ਿੱਦਪੁਣੇ ਦਾ ਨਹੀਂ, ਸਗੋਂ ਪ੍ਰੀਤਮ ਦੇ ਪਿਆਰ ਵਿਚ ਕੀਤੇ ਬੇਪ੍ਰਵਾਹੀ ਵਾਲੇ ਸਮਰਪਣ ਦਾ ਹੈ, ਜੋ ਕਿ ਹਰ ਜਗ੍ਹਾ ਤਾਂ ਹੈ, ਪਰ ਅਗਿਆਤ ਹੈ।

---


ਪਹਿਲਕਦਮੀ

**Oneness In Diversity Research Foundation**

**ਵੈੱਬਸਾਈਟ:** **OnenessInDiversity.com**

**ਈਮੇਲ: onenessindiversityfoundation@gmail.com**